MINISTRY OF SOCIAL DEVELOPMENT
TE MANATŪ WHAKAHIATO ORA

# COVID-19 ਭੱਤਾਸਬਸਿਡੀਅਗਸਤ 2021

## ਇਹ ਜਾਣਕਾਰੀ ਸਿਰਫ ਇੱਕ ਮਾਰਗ-ਦਰਸ਼ਿਕਾ ਹੈ। ਕੰਮ ਅਤੇ ਆਮਦਨ ਵੈਬਸਾਈਟ 'ਤੇ ਭੱਤਾ ਸਬਸਿਡੀ ਘੋਸ਼ਣਾ ਵਿੱਚ ਪਾਤਰਤਾ ਮਾਪਦੰਡ ਅਤੇ ਜ਼ਿੰਮੇਵਾਰੀਆਂ ਦੀ ਪੂਰੀ ਜਾਣਕਾਰੀ ਹੈ, ਅਤੇ ਕਿਸੇ ਵੀ ਹੋਰ ਜਾਣਕਾਰੀ ਤੋਂ ਜ਼ਿਆਦਾ ਮਹੱਤਵਪੂਰਨ ਹੈ।

- COVID-19 ਭੱਤਾ ਸਬਸਿਡੀ ਅਗਸਤ 2021 ਪੂਰੇ ਨਿਊਜ਼ੀਲੈਂਡ ਵਿੱਚ ਮਾਲਕਾਂ ਦੀ ਸਹਾਇਤਾ ਲਈ ਇੱਕ ਭੁਗਤਾਨ ਹੈ, ਤਾਂਕਿ ਉਹ ਕਰਮਚਾਰੀਆਂ ਨੂੰ ਭੁਗਤਾਨ ਕਰਨਾ ਜਾਰੀ ਰੱਖ ਸਕਣ ਅਤੇ 17 ਅਗਸਤ 2021 ਤੋਂ ਚੇਤਾਵਨੀ ਪੱਧਰਾਂ ਵਿੱਚ ਬਦਲਾਅ ਦੇ ਜਾਰੀ ਰਹਿਣ ਨਾਲ ਪ੍ਰਭਾਵਤ ਕਾਰੋਬਾਰਾਂ ਲਈ ਨੌਕਰੀਆਂ ਨੂੰ ਸੁਰੱਖਿਅਤ ਰੱਖ ਸਕਣ।
- ਅਗਸਤ 2021 ਭੱਤਾ ਸਬਸਿਡੀ ਦਾ ਹਰ ਇੱਕ ਦੌਰ ਉੱਕਾ-ਪੁੱਕਾ ਦੋ-ਹਫਤਿਆਂ ਦੇ ਭੁਗਤਾਨ ਲਈ $600 ਪ੍ਰਤੀ ਹਫਤਾ ਹਰ ਇੱਕ ਫੁੱਲ-ਟਾਈਮ ਕਰਮਚਾਰੀ ਲਈ ਅਤੇ $359 ਪ੍ਰਤੀ ਹਫਤਾ ਹਰ ਇੱਕ ਪਾਰਟ-ਟਾਈਮ ਕਰਮਚਾਰੀ ਲਈ, ਦੀ ਦਰ ਨਾਲ ਹੈ।
- ਹਰ ਇੱਕ ਦੌਰ ਇੱਕ ਨਵੀਂ ਬੇਨਤੀ ਹੈ, ਅਤੇ ਕਾਰੋਬਾਰਾਂ ਨੂੰ ਲਾਜ਼ਮੀ ਤੌਰ 'ਤੇ ਇਹ ਸੁਨਿਸ਼ਚਤ ਬਣਾਉਣਾ ਚਾਹੀਦਾ ਹੈ ਕਿ ਉਹ ਹਰ ਇੱਕ ਬੇਨਤੀ ਲਈ ਸਾਰੇ ਪਾਤਰਤਾ ਮਾਪਦੰਡਾਂ ਨੂੰ ਪੂਰਾ ਕਰਦੇ ਹੋਣ।
- ਚਾਰ ਕੋਵਿਡ-19 ਭੱਤਾ ਸਬਸਿਡੀ ਅਗਸਤ 2021 ਭੁਗਤਾਨ ਕੀਤੇ ਗਏ ਹਨ। ਉਹ ਹਨ:
  - ਦੋ ਹਫਤਿਆਂ  ਦਾ ਸ਼ੁਰੂਆਤੀ ਭੁਗਤਾਨ ਸਵੇਰੇ 9 ਵਜੇ, ਸ਼ੁੱਕਰਵਾਰ 20 ਅਗਸਤ ਤੋਂ ਸਵੇਰੇ 7 ਵਜੇ, ਸ਼ੁੱਕਰਵਾਰ 3 ਸਤੰਬਰ ਤੱਕ ਉਪਲਬਧ ਹੈ। – ਬੰਦ
  - ਇੱਕ ਦੂਜਾ ਦੋ-ਹਫ਼ਤੇ ਦਾ ਭੁਗਤਾਨ ਸਵੇਰੇ 9 ਵਜੇ, ਸ਼ੁੱਕਰਵਾਰ 3 ਸਤੰਬਰ ਤੋਂ ਵੀਰਵਾਰ 16 ਵਜੇ ਸ਼ਾਮ 11.59 ਵਜੇ ਤੱਕ ਉਪਲਬਧ ਹੈ। – ਬੰਦ
  - ਇੱਕ ਤੀਜਾ ਦੋ-ਹਫਤੇ ਦਾ ਭੁਗਤਾਨ ਸਵੇਰੇ 9 ਵਜੇ ਸ਼ੁੱਕਰਵਾਰ 17 ਸਤੰਬਰ ਤੋਂ 30 ਸਤੰਬਰ ਸਵੇਰੇ 11.59 ਵਜੇ ਤੱਕ ਉਪਲਬਧ ਹੈ। – ਬੰਦ
  - ਇੱਕ ਚੌਥਾ ਦੋ ਹਫਤਿਆਂ ਦਾ ਭੁਗਤਾਨ, ਸ਼ੁੱਕਰਵਾਰ 1 ਅਕਤੂਬਰ ਸਵੇਰੇ 9 ਵਜੇ ਤੋਂ ਵੀਰਵਾਰ 14 ਅਕਤੂਬਰ ਸ਼ਾਮ 11.59 ਵਜੇ ਤੱਕ ਉਪਲਬਧ ਹੈ।
- ਜੇਕਰ ਤੁਸੀਂ ਪਿਛਲੀ ਭੱਤਾ ਸਬਸਿਡੀ ਲਈ ਅਪਲਾਈ ਕੀਤਾ ਸੀ, ਤੁਸੀਂ ਭੱਤਾ ਸਬਸਿਡੀ #4 ਲਈ ਤੁਹਾਡੀ ਪਿਛਲੀ ਅਰਜ਼ੀ ਦੇ ਦੋ ਹਫਤੇ ਬਾਅਦ ਅਪਲਾਈ ਕਰ ਸਕਦੇ ਹੋ। ਸੋ ਜੇਕਰ ਤੁਸੀਂ ਵੀਰਵਾਰ, 30 ਸਤੰਬਰ ਨੂੰ ਅਪਲਾਈ ਕੀਤਾ ਸੀ, ਤਾਂ ਤੁਸੀਂ ਵੀਰਵਾਰ, 14 ਅਕਤੂਬਰ ਨੂੰ ਭੱਤਾ ਸਬਸਿਡੀ #4 ਲਈ ਅਪਲਾਈ ਕਰ ਸਕਦੇ ਹੋ। ਪੂਰਵ ਬੇਨਤੀਆਂ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ। ਅਰਜ਼ੀ ਦੇਣ ਤੋਂ ਪਹਿਲਾਂ ਤੁਹਾਨੂੰ ਦੋ ਹਫਤਿਆਂ ਦੇ ਭੁਗਤਾਨ ਦੇ ਅੰਤ ਤੱਕ ਉਡੀਕ ਕਰਨ ਦੀ ਜ਼ਰੂਰਤ ਹੈ।

- ਜੇਕਰ ਤੁਸੀਂ ਪਹਿਲਿਆਂ ਭੱਤਾ ਸਬਸਿਡੀਆਂ ਲਈ ਅਪਲਾਈ ਨਹੀਂ ਕੀਤਾ ਸੀ, ਤੁਸੀਂ ਹਾਲੇ ਵੀ ਭੱਤਾ ਸਬਸਿਡੀ ਅਗਸਤ 2021 #4 ਲਈ ਸ਼ੁਕੱਰਵਾਰ, 1 ਅਕਤੂਬਰ ਤੋਂ ਅਪਲਾਈ ਕਰ ਸਕਦੇ ਹੋ ਬਸ਼ਰਤੇ ਤੁਸੀਂ ਸਾਰੇ ਪਾਤਰਤਾ ਮਾਪਦੰਡ ਪੂਰੇ ਕਰਦੇ ਹੋ।
- ਬੇਨਤੀਆਂ ਕੰਮ ਅਤੇ ਆਮਦਨ ਵੈਬਸਾਈਟ ਰਾਹੀਂ ਅਪਲਾਈ ਕੀਤੀਆਂ ਜਾ ਸਕਦੀਆਂ ਹਨ www.workandincome.govt.nz/wagesubsidy
- **ਇਹ ਸੁਨਿਸ਼ਚਤ ਕਰਨ ਲਈ ਕਿ ਤੁਹਾਡੀਆਂ ਬੇਨਤੀਆਂ ਦੀ ਜਿੰਨੀ ਛੇਤੀ ਹੋ ਸਕੇ ਪ੍ਰਕਿਰਿਆ ਹੁੰਦੀ ਹੈ, ਇਹ ਜ਼ਰੂਰੀ ਹੈ ਕਿ ਤੁਹਾਡੇ ਵੱਲੋਂ ਤੁਹਾਡੀ ਅਰਜ਼ੀ ਵਿੱਚ ਦਿੱਤੀ ਗਈ ਜਾਣਕਾਰੀ ਇਨਲੈਂਡ ਰੇਵੇਨਿਊ (ਮਾਲੀਏ) ਨਾਲ ਮੇਲ ਖਾਂਦੀ ਹੋਵੇ** (ਉਦਾਹਰਨ ਲਈ ਆਈ ਆਰ ਨੰਬਰ, ਨਾਂ, ਬੈਂਕਖਾਤਾ, ਕਰਮਚਾਰੀ ਵੇਰਵੇ ਜਿਸ ਵਿੱਚ ਨਾਂ ਅਤੇ ਆਈ ਆਰ ਨੰਬਰ ਸ਼ਾਮਿਲ ਹੋਵੇ)।
- ਤੁਹਾਨੂੰ ਚੈਕ ਕਰਨਾ ਚਾਹੀਦਾ ਹੈ ਕਿ ਤੁਸੀਂ ਸਹੀ ਅਦਾਇਗੀ ਲਈ ਅਪਲਾਈ ਕਰ ਰਹੇ ਹੋ। ਕੁਝ ਕਾਰੋਬਾਰਾਂ ਨੇ ਲੀਵ ਸਪੋਰਟ ਸਕੀਮ (ਛੁੱਟੀ ਸਹਾਇਤਾ ਸਕੀਮ) ਜਾਂ ਸ਼ਾਰਟ ਟਰਮ ਐਬਸੈਂਸ ਪੇਮੈਂਟ (ਅਲਪ ਅਵਧੀ ਗੈਰ-ਹਾਜ਼ਰੀ ਭੁਗਤਾਨ) ਲਈ ਅਪਲਾਈ ਕੀਤਾ ਹੈ, ਜਦੋਂ ਉਹ COVID-19 ਭੱਤਾ ਸਬਸਿਡੀ ਅਗਸਤ 2021 ਲਈ ਅਪਲਾਈ ਕਰਨਾ ਚਾਹੁੰਦੇ ਹਨ। (ਕਾਰੋਬਾਰ ਇੱਕੋ ਸਮੇਂ ਉਸੇ ਕਰਮਚਾਰੀਲਈ ਇਹਨਾਂ ਤਿੰਨ COVID-19 ਭੁਗਤਾਨਾਂ ਵਿੱਚੋਂ ਸਿਰਫ ਇੱਕ ਭੁਗਤਾਨ ਪ੍ਰਾਪਤ ਕਰ ਸਕਦੇ ਹਨ)।

## ਪਾਤਰਤਾ ਮਾਪਦੰਡ

- ਪਾਤਰਤਾ ਮਾਪਦੰਡ ਮਾਰਚ 2021 ਸਕੀਮ ਦੇ ਸਮਾਨ ਹੀ ਹਨ, ਜਿਸ ਵਿੱਚ ਮਾਲਕ ਜ਼ਿੰਮੇਵਾਰੀਆਂ ਅਤੇ ਰੇਵੇਨਿਊ ਟੈਸਟ ਸ਼ਾਮਿਲ ਹਨ।
- ਇਹ ਜ਼ਰੂਰੀ ਹੈ ਕਿ ਤੁਸੀਂ ਸਾਰੀ ਜਾਣਕਾਰੀ ਨੂੰ, ਸਮੇਤ ਘੋਸ਼ਣਾ ਦੇ ਜਿਸ ਲਈ ਤੁਸੀਂ ਸਹਿਮਤੀ ਦੇ ਰਹੇ ਹੋ, ਧਿਆਨ ਨਾਲ ਪੜ੍ਹੋ ਅਤੇ ਯਕੀਨੀ ਬਣਾਓ ਕਿ ਤੁਸੀਂ ਉਸ ਦੀ ਪਾਲਣਾ ਕਰੋ।
- ਰੇਵੇਨਿਊ ਟੈਸਟ ਘੱਟੋ ਘੱਟ 40% ਦੀ ਕਮੀ ਹੈ। ਇਸਦਾ ਅਰਥ ਹੈ:
  - ਕਾਰੋਬਾਰਾਂ ਲਈ ਲੋੜ ਹੋਵੇਗੀਕਿ 14 ਦਿਨਾਂ ਵਿੱਚ 40% ਦੀ ਗਿਰਾਵਟ ਹੋਵੇ (ਜਾਂ ਹੋਣ ਦੀ ਭਵਿੱਖਬਾਣੀ ਹੋਵੇ):
    - 17 – 31 ਅਗਸਤ ਦਰਮਿਆਨ ਸ਼ੁਰੂਆਤੀ ਭੱਤਾ ਸਬਸਿਡੀ ਭੁਗਤਾਨ ਲਈ
    - 31 ਅਗਸਤ ਤੋਂ – 13 ਸਤੰਬਰ ਭੱਤਾ ਸਬਸਿਡੀ #2 ਲਈ
    - 14 ਸਤੰਬਰ ਤੋਂ – 27 ਸਤੰਬਰ ਭੱਤਾ ਸਬਸਿਡੀ #3 ਲਈ
    - 28 ਸਤੰਬਰ ਤੋਂ – 11 ਅਕਤੂਬਰ ਭੱਤਾ ਤਬਸਿੱਡੀ # 4 ਲਈ

    ਜਦੋਂ ਛੇ ਹਫਤਿਆਂ ਵਿੱਚ ਇੱਕ ਵਿਸ਼ੇਸ਼ 14-ਦਿਨਾਂ ਅਵਧੀ ਦਰਮਿਆਨ ਉਹਨਾਂ ਦੇ ਰੇਵੇਨਿਊ (ਮਾਲੀਏ) ਨਾਲ ਤੁਲਣਾ ਚੇਤਾਵਨੀ ਪੱਧਰ ਵਾਧੇ ਤੋਂ ਤੁਰੰਤ ਬਾਅਦ ਕੀਤੀ ਜਾਵੇ।
  - ਬਹੁਤ ਉੱਚ ਮੌਸਮੀ ਮਾਲੀਏ ਵਾਲੇ ਕਾਰੋਬਾਰ ਆਪਣੇ ਮਾਲੀਏ ਦੀ ਤੁਲਣਾ 2020 ਜਾਂ 2019 ਵਿੱਚ ਉਸੇ ਅਵਧੀ ਨਾਲ ਕਰ ਸਕਦੇ ਹਨ, ਜੇਕਰ ਉਹ ਦਿਖਾ ਸਕਦੇ ਹਨ ਕਿ ਉਹਨਾਂ ਦੇ ਕਾਰੋਬਾਰ ਦੀ ਮੌਸਮੀ ਕਿਸਮ, ਨਿਰਧਾਰਤ ਤੁਲਨਾਤਮਕ ਅਵਧੀ ਦੀ ਵਰਤੋਂ ਕਰਦੇ ਹੋਏ ਉਹਨਾਂ ਲਈ ਮਾਲੀਆ ਪਰੀਖਿਆ ਨੂੰ ਪੂਰਾ ਕਰਨਾ ਔਖਾ ਬਣਾਉਂਦੀ ਹੈ।
- ਮਾਲੀਏ ਵਿੱਚ ਗਿਰਾਵਟ, 17 ਅਗਸਤ 2021 ਤੋਂ ਤੁਹਾਡੇ ਕਾਰੋਬਾਰ 'ਤੇ ਚੇਤਾਵਨੀ ਪੱਧਰ 3 ਅਤੇ 4 ਦੇ ਜਾਰੀ ਰਹਿਣ ਦੇ ਪ੍ਰਭਾਵ ਕਾਰਨ ਹੋਣੀ ਚਾਹੀਦੀ ਹੈ।

## ਭੁਗਤਾਨ ਕੀਤੇ ਜਾਣ ਤੋਂ ਬਾਅਦ

- ਜੇ ਤੁਹਾਡੀ ਕਾਰੋਬਾਰੀ ਆਮਦਨੀ ਵਿੱਚ ਗਿਰਾਵਟ ਕਾਰੋਬਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੀ ਤਾਂ ਤੁਹਾਨੂੰ ਸਬਸਿਡੀ ਵਾਪਸ ਕਰਨ ਦੀ ਜ਼ਰੂਰਤ ਹੋਵੇਗੀ।
- ਤੁਹਾਡੇ ਕਾਰੋਬਾਰਾਂ ਨੂੰ ਆਪਣੀ ਘੋਸ਼ਣਾ ਤਿਆਰ ਕਰਨ ਅਤੇ ਆਪਣੀ ਘੋਸ਼ਣਾ ਦੇ ਸਮਰਥਨ ਲਈ ਸਬੂਤ ਰੱਖਣ ਦੀ ਲੋੜ ਹੋਵੇਗੀ (ਪਰ ਤੁਹਾਨੂੰ ਇਹ ਬੇਨਤੀ ਨਾਲ ਦੇਣ ਦੀ ਲੋੜ ਨਹੀਂ ਹੋਵੇਗੀ)।
- ਐਮ ਐਸ ਡੀ ਪਿਛੋਕੜ ਜਾਂਚਾਂ ਅਤੇ ਟੀਚਾ ਇਕ ਸਾਰਤਾ ਗਤੀਵਿਧੀ ਨੂੰ ਪੂਰਾ ਕਰੇਗਾ। ਇਸ ਦਾ ਮਤਲਬ ਹੈ ਕਿ ਬੇਨਤੀ ਕਰਤਾਵਾਂ ਦੇ ਇੱਕ ਨਮੂਨੇ ਨੂੰ ਮਾਲੀਏ ਦੀ ਗਿਰਾਵਟ ਦੇ ਸਬੂਤ ਦੇਣ ਲਈ ਕਿਹਾ ਜਾਵੇਗਾ।
- ਜੇਕਰ ਸਰਕਾਰ ਭੱਤਾ ਸਬਸਿਡੀ ਵਧਾਉਣ ਦਾ ਫੈਸਲਾ ਕਰਦੀ ਹੈ, ਤਾਂ ਤੁਹਾਡੇ ਕਾਰੋਬਾਰਾਂ ਨੂੰ ਇੱਕ ਹੋਰ ਬੇਨਤੀ ਦੇਣ ਦੀ ਲੋੜ ਹੋਵੇਗੀ।